**ਜਮਾਤ - ਛੇਵੀਂ**

**ਵਿਸ਼ਾ – ਪੰਜਾਬੀ**

# ਕਾਲ

**ਪ੍ਰਸ਼ਨ 1. ਕਾਲ ਤੋਂ ਕੀ ਭਾਵ ਹੈ ?**

ਉੱਤਰ :- ਕਾਲ ਤੋਂ ਭਾਵ ਹੈ - ਸਮਾਂ । ਸਮੇਂ ਅਨੁਸਾਰ ਬਦਲ ਕੇ ਕਿਰਿਆ ਜਿਹੜੇ ਰੂਪ ਧਾਰਨ ਕਰਦੀ ਹੈ, ਉਹਨਾਂ ਨੂੰ ਕਿਰਿਆ ਦਾ ਕਾਲ ਕਿਹਾ ਜਾਂਦਾ ਹੈ।

ਜਿਵੇਂ :- (ੳ) ਰਾਮ ਪੜ੍ਹਦਾ ਹੈ ।

(ਅ)ਰਾਮ ਨੇ ਪਾਠ ਪੜ੍ਹਿਆ।

(ੲ) ਰਾਮ ਪਾਠ ਪੜ੍ਹੇਗਾ ।

ਉਪਰੋਕਤ ਵਾਕਾਂ ਵਿੱਚ 'ਪੜ੍ਹਦਾ ਹੈ ' , 'ਪੜ੍ਹਿਆ ' , 'ਪੜ੍ਹੇਗਾ' ਸ਼ਬਦ ਕੰਮ ਹੋਣ ਦੇ ਸਮੇਂ ਦਾ ਬੋਧ ਕਰਵਾਉਂਦੇ ਹਨ ।

**ਪ੍ਰਸ਼ਨ 2. ਕਾਲ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?**

ਉੱਤਰ :- ਕਾਲ ਤਿੰਨ ਪ੍ਰਕਾਰ ਦੇ ਹੁੰਦੇ ਹਨ:-



**1. ਭੂਤ-ਕਾਲ :-**

ਵਾਕ ਵਿੱਚ ਜਿਹੜੀ ਕਿਰਿਆ ਬੀਤ ਚੁੱਕੇ ਸਮੇਂ ਦਾ ਗਿਆਨ ਕਰਵਾਉਂਦੀ ਹੈ, ਉਸ ਨੂੰ ਭੂਤ -ਕਾਲ ਕਿਹਾ ਜਾਂਦਾ ਹੈ ।

ਉਦਾਹਰਨ : (ੳ) ਗੀਟਾ ਨੇ ਪਾਠ ਪੜ੍ਹਿਆ।

(ਅ) ਜਾਦੂਗਰ ਨੇ ਜਾਦੂ ਦਿਖਾਇਆ ।

ਉਪਰੋਕਤ ਵਾਕਾਂ ਵਿੱਚ ਕਿਰਿਆ- ਸ਼ਬਦ ਬੀਤ ਚੁੱਕੇ ਸਮੇਂ ਅਰਥਾਤ ਭੂਤ-ਕਾਲ ਦਾ ਗਿਆਨ ਕਰਵਾਉਂਦਾ ਹੈ ।

**2. ਵਰਤਮਾਨ -ਕਾਲ :-**

ਵਾਕ ਵਿੱਚ ਜਿਹੜੀ ਕਿਰਿਆ ' ਮੌਜੂਦਾ ਭਾਵ ਚੱਲ ਰਹੇ ਸਮੇਂ ਦਾ ਗਿਆਨ ਕਰਵਾਉਂਦੀ ਹੈ ,ਉਸ ਨੂੰ ਵਰਤਮਾਨ- ਕਾਲ ਆਖਦੇ ਹਨ ।'

ਉਦਾਹਰਨ :- (ੳ) ਗੀਟਾ ਪਾਠ ਪੜ੍ਹਦੀ ਹੈ ।

(ਅ)ਜਾਦੂਗਰ ਜਾਦੂ ਦਿਖਾਉਂਦਾ ਹੈ।

ਉਪਰੋਕਤ ਵਾਕਾਂ ਵਿੱਚ ਕਿਰਿਆ -ਸ਼ਬਦ ਮੌਜੂਦਾ ਸਮੇਂ ਦਾ ਗਿਆਨ ਦਿੰਦੇ ਹਨ । ਇਸ ਲਈ ਇਹ ਵਾਕ ਵਰਤਮਾਨ -ਕਾਲ ਵਿੱਚ ਹਨ ।

**3. ਭਵਿਖਤ - ਕਾਲ :-**

ਵਾਕ ਵਿੱਚ ਜਿਹੜੀ ਕਿਰਿਆ ਆਉਣ ਵਾਲ਼ੇ ਸਮੇਂ ਅਰਥਾਤ ਭਵਿਖ ਦਾ ਗਿਆਨ ਕਰਵਾਉਂਦੀ ਹੈ, ਉਸ ਨੂੰ ਭਵਿਖਤ- ਕਾਲ ਕਿਹਾ ਜਾਂਦਾ ਹੈ ।

ਉਦਾਹਰਨ : (ੳ) ਗੀਟਾ ਪਾਠ ਪੜ੍ਹੇਗੀ।

(ਅ) ਜਾਦੂਗਰ ਜਾਦੂ ਦਿਖਾਏਗਾ ।

ਉਪਰੋਕਤ ਵਾਕਾਂ ਵਿੱਚ ਕਿਰਿਆ - ਸ਼ਬਦ ਆਉਣ ਵਾਲ਼ੇ ਸਮੇਂ ਦਾ ਗਿਆਨ ਕਰਵਾਉਂਦੇ ਹਨ । ਇਸ ਲਈ ਇਹ ਵਾਕ ਭਵਿਖਤ - ਕਾਲ ਵਿੱਚ ਹਨ ।


ਤਿਆਰ ਕਰਤਾ- ਸ਼ੈਲਜਾ ਕੁਮਾਰੀ ਪੰਜਾਬੀ ਮਿਸਟ੍ਰੈੱਸ

ਸਰਕਾਰੀ ਹਾਈ ਸਕੂਲ ਸਾਹੋਵਾਲ (ਜ਼ਿਲ੍ਹਾ ਗੁਰਦਾਸਪੁਰ )